**ਨਿਉ ਯਾਰਕ ਸ਼ਹਿਰ ਅਤੇ ਇਸਦੇ ਭਾਈਵਾਲ ਪੱਕਾ ਕਰ ਰਹੇ ਹਨ ਕਿ ਹਰੇਕ ਨਿਉ ਯਾਰਕ ਨਿਵਾਸੀ ਨੂੰ ਫਲੈਸ਼ ਫਲੱਡ ਐਮਰਜੈਂਸੀ ਤੋਂ ਬਾਅਦ ਉਨ੍ਹਾਂ ਦੀ ਲੋੜ ਅਨੁਸਾਰ ਸਹਾਇਤਾ ਪ੍ਰਾਪਤ ਹੋਵੇ। ਨਿਉ ਯਾਰਕ ਨਿਵਾਸੀ ਵਾਧੂ ਜਾਣਕਾਰੀ ਪ੍ਰਾਪਤ ਕਰਨ ਲਈ NYC.gov/ida 'ਤੇ ਜਾ ਸਕਦੇ ਹਨ ਜਾਂ ਵੀਡੀਓ ਰਿਲੇ ਸੇਵਾ ਲਈ 311 (212-639-9675 'ਤੇ, ਜਾਂ TTY ਲਈ: 212-504-4115) 'ਤੇ ਜਾ ਸਕਦੇ ਹਨ।**

**ਸੇਵਾ ਕੇਂਦਰ**

ਸੇਵਾ ਕੇਂਦਰ ਸਾਰੇ ਪੰਜ ਬੋਰੋਜ਼ (ਖੇਤਰਾਂ) ਭਰ ਵਿੱਚ ਖੁੱਲ੍ਹੇ ਹੋਏ ਹਨ। ਉਹ ਰੋਜ਼ ਖੁੱਲ੍ਹਦੇ ਹਨ। ਥਾਂਵਾਂ ਬਾਰੇ ਜਾਣਕਾਰੀ NYC.gov/ida 'ਤੇ ਜਾਕੇ ਜਾਂ 311 'ਤੇ ਕਾੱਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਕੇਂਦਰਾਂ ਤੱਕ ਜਾਣ ਲਈ ਆਵਾਜਾਈ ਸਹਾਇਤਾ ਨਿਉ ਯਾਰਕ ਦੇ ਨਿਵਾਸੀਆਂ ਲਈ 311 'ਤੇ ਸੰਪਰਕ ਕਰਕੇ ਮੁੱਹਈਆ ਕੀਤੀ ਜਾ ਸਕਦੀ ਹੈ, ਜਿਨ੍ਹਾਂ ਕੋਈ ਹੋਰ ਆਵਾਜਾਈ ਦੇ ਸਾਧਨ ਉਪਲਬਧ ਨਹੀਂ ਹਨ। ਸੇਵਾਵਾਂ ਸਾਰੇ ਮੁਲਾਕਾਤੀਆਂ ਲਈ ਉਪਲਬਧ ਹੋਣਗੀਆਂ। ਸਾਈਟਾਂ ਤੇ ਆਉਣ ਵਾਲੇ ਮੁਲਾਕਾਤੀਆਂ ਤੋਂ ਉਨ੍ਹਾਂ ਦੇ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁਛਿਆ ਜਾਏਗਾ।

**ਨਿਉ ਯਾਰਕ ਦੇ ਨਿਵਾਸੀ ਹੁਣ ਆਪਦਾ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਅਤੇ ਸੰਘੀ ਐਮਰਜੈਂਸੀ ਪ੍ਰਬੰਧਨ ਏਜੰਸੀ ( Federal Emergency Management Agency, FEMA) ਕੋਲ ਨੁਕਸਾਨਾਂ ਬਾਰੇ ਰਿਪੋਰਟ ਕਰ ਸਕਦੇ ਹਨ।**

FEMA ਹੁਣ ਪਰਭਾਵਿਤ ਘਰਾਂ ਦੇ ਮਾਲਕਾਂ ਅਤੇ ਕਿਰਾਏਦਾਰਾਂ ਨੂੰ ਹੇਠਾਂ ਦੱਸੀਆਂ ਗਈਆਂ ਰਾਹਤਾਂ ਪ੍ਰਦਾਨ ਕਰ ਸਕਦਾ ਹੈ। ਐਪਲੀਕੇਸ਼ਨਾਂ ਹੁਣ ਖੁੱਲ੍ਹੀਆਂ ਹੋਈਆਂ ਹਨ। ਧਿਆਨ ਦਿਓ: FEMA ਹੋਰ ਸੋਮਿਆਂ ਤੋਂ ਪ੍ਰਾਪਤ ਫਾਇਦੀਆਂ ਨੂੰ ਦੁਹਰਾ ਨਹੀਂ ਕਰੇਗਾ। 1-800-621-3362 'ਤੇ ਕਾੱਲ ਕਰੋ (TTY: 1-800-462-7585) 'ਤੇ ਜਾਂ www.disasterassistance.gov 'ਤੇ ਜਾਓ। ਤਾਂ ਉਪਲਬਧ ਹੈ ਜੇ ਘਰ ਵਿੱਚ ਕੋਈ ਵੀ ਨਾਗਰਿਕ, ਗੈਰ-ਨਾਗਰਿਕ ਰਾਸ਼ਟਰੀ, ਜਾਂ ਯੋਗ ਵਿਦੇਸ਼ੀ ਹੈ।

- ਰਿਹਾਇਸ਼ ਸੰਬੰਧੀ ਸਹਾਇਤਾ*:* ਰਿਹਾਇਸ਼ ਸੰਬੰਧੀ ਸਹਾਇਤਾ ਦੀ ਵਰਤੋਂ ਘਰ ਦੀ ਮੁਰੰਮਤ, ਵਗੈਰਾ ਲਈ ਕੀਤੀ ਜਾ ਸਕਦੀ ਹੈ। ਨਿਉ ਯਾਰਕ ਨਿਵਾਸੀਆਂ ਦਾ ਨੁਕਸਾਨਾਂ ਨੂੰ ਰਿਕਾਰਡ ਕਰਨਾ, ਰਜਿਸਟਰ ਕਰਨਾ ਅਤੇ FEMA ਦੀ ਜਾਂਚ-ਪੜਤਾਲ ਕਰਵਾਉਣਾ ਜ਼ਰੂਰੀ ਹੈ। $36,000 ਤੱਕ ਦੀ ਗ੍ਰਾਂਟ ਦਿੱਤੀ ਜਾ ਸਕਦੀ ਹੈ।
- *ਕਿਰਾਏ ਲਈ ਸਹਾਇਤਾ:* ਦੋ (2) ਮਹੀਨਿਆਂ ਤੱਕ ਦੀਆਂ ਕਿਰਾਏ/ਰੀਲੋਕੇਸ਼ਨ ਦੀਆਂ ਲਾਗਤਾਂ ਲਈ ਪ੍ਰਤੀਪੂਰਤੀ। ਪੁਨਰ-ਸਰਟੀਫਿਕੇਸ਼ਨ ਕਰਵਾਉਣ ਤੇ ਲਗਾਤਾਰ ਕਿਰਾਏ ਲਈ ਸਹਾਇਤਾ ਉਪਲਬਧ ਹੋ ਸਕਦੀ ਹੈ।
- ਹੋਰ ਲੋੜਾਂ*:* $36,000 ਤਕ ਦੀ ਵਿੱਤੀ ਸਹਾਇਤਾ ਅਜਿਹੇ ਖਰਚਿਆਂ ਅਤੇ ਗੰਭੀਰ ਜ਼ਰੂਰਤਾਂ ਲਈ ਉਪਲਬਧ ਹੋ ਸਕਦੀ ਹੈ ਜੋ ਬੀਮੇ ਦੁਆਰਾ ਕਵਰ ਨਹੀਂ ਕੀਤੀਆਂ ਗਈਆਂ ਹਨ (ਉਦਾਹਰਣ ਵਜੋਂ, ਕਾਰ, ਮੈਡੀਕਲ ਉਪਕਰਣ)।

**ਰਿਹਾਇਸ਼ ਦੀ ਰੋਕਥਾਮ ਅਤੇ ਵਿਕਾਸ ਦਾ NYC ਵਿਭਾਗ (NYC Department of Housing Preservation & Development, HPD)**

ਰਿਹਾਇਸ਼ ਦੀ ਰੋਕਥਾਮ ਅਤੇ ਵਿਕਾਸ ਦਾ NYC ਵਿਭਾਗ ਨੇ ਇਸ ਤੂਫਾਨ ਨਾਲ ਪ੍ਰਭਾਵਿਤ ਮਕਾਨ ਮਾਲਕਾਂ ਲਈ ਸਰੋਤਾਂ ਦੀ ਸੂਚੀ ਇਕੱਠੀ ਕੀਤੀ ਹੈ, ਜੋ NYC.gov/hpd 'ਤੇ ਜਾਕੇ ਜਾਂ 311 'ਤੇ ਕਾੱਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਕਾੱਲ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁਛਿਆ ਜਾਏਗਾ।

**ਪੰਪਿੰਗ**

ਸਿਟੀ ਲੋੜ ਅਨੁਸਾਰ ਕਿਸੇ ਵੀ ਘਰ ਦੇ ਮਾਲਕ ਦੀ ਬੇਸਮੈਂਟ ਵਿੱਚ ਪੰਪਿੰਗ ਵਿੱਚ ਸਹਾਇਤਾ ਪ੍ਰਦਾਨ ਕਰੇਗੀ। ਨਿਉ ਯਾਰਕ ਨਿਵਾਸੀ ਕਿਸੇ ਸੇਵਾ ਕੇਂਦਰ 'ਤੇ ਜਾਕੇ ਜਾਂ 311 'ਤੇ ਕਾੱਲ ਕਰਕੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਕਾੱਲ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁਛਿਆ ਜਾਏਗਾ।

**ਪਰਮਿਟਾਂ ਅਤੇ ਮੁਰੰਮਤਾਂ ਲਈ ਫੀਸ ਦੀ ਮੁਅੱਤਲੀ**

ਘਰ ਦੇ ਮਾਲਕ ਜਾਂ ਛੋਟੇ ਕਾਰੋਬਾਰ ਦੇ ਮਾਲਕ ਜੋ ਤੂਫਾਨ ਦੇ ਨੁਕਸਾਨ ਨਾਲ ਸੰਬੰਧਿਤ ਇਮਾਰਤਾਂ ਨੂੰ ਢਾਹੁਣ, ਨਿਰਮਾਣ ਜਾਂ ਮੁਰੰਮਤ ਲਈ ਪਰਮਿਟ ਲਈ ਅਰਜ਼ੀ ਦੇ ਰਹੇ ਹਨ, ਉਨ੍ਹਾਂ ਨੂੰ ਇਮਾਰਤ ਵਿਭਾਗ (Department of Buildings, DOB) ਜਾਂ ਵਾਤਾਵਰਣ ਸੁਰੱਖਿਆ ਐਸਬੈਸਟਸ ਹਟਾਉਣ ਵਾਲੇ ਵਿਭਾਗ (Department for Environmental Protection, DEP) ਦੁਆਰਾ ਫੀਸਾਂ ਮੁਆਫ ਕੀਤੀਆਂ ਜਾਣਗੀਆਂ। ਇਹ ਸੋਮੇ ਹੁਣ ਪਰਮਿਟਾਂ ਲਈ ਵਿਅਕਤੀਗਤ ਤੌਰ ਤੇ ਉਪਲਬਧ ਹਨ।

ਵਾਧੂ ਜਾਣਕਾਰੀ ਅਤੇ ਹੜ੍ਹ ਤੋਂ ਬਾਅਦ ਦੇ ਸੋਮਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ **NYC.gov/ida** 'ਤੇ ਜਾਓ ਜਾਂ ਵੀਡੀਓ ਰਿਲੇ ਸੇਵਾ ਲਈ **311** (212-639-9675 'ਤੇ, ਜਾਂ TTY ਲਈ: 212-504-4115) 'ਤੇ ਕਾੱਲ ਕਰੋ।

**ਅਮਰੀਕਨ ਰੈਡ ਕ੍ਰਾਸ (American Red Cross, ARC) ਤੋਂ ਸਹਾਇਤਾ**

ਅਸਥਾਈ ਆਸਰਾ (**ਹੋਟਲ**) ਘਰਾਂ ਦੇ ਮਾਲਕਾਂ/ਕਿਰਾਏਦਾਰਾਂ ਲਈ **ਉਪਲਬਧ ਹਨ** ਜੋ ਘਰ ਰਹਿਣ ਯੋਗ ਨਹੀਂ ਹਨ। ਹੋਟਲਾਂ ਦੇ ਠਹਿਰਾਵ ਘਰਾਂ ਦੇ ਮਾਲਕਾਂ ਲਈ ਦੋ (2) ਹਫਤਿਆਂ ਲਈ ਅਤੇ ਕਿਰਾਏਦਾਰਾਂ ਲਈ ਤਿੰਨ (3) ਹਫਤਿਆਂ ਲਈ ਉਪਲਬਧ ਹਨ। ARC ਉਨ੍ਹਾਂ ਪਰਿਵਾਰਾਂ ਨੂੰ $515 ਤੱਕ ਦੇ ਸਕਦੇ ਹਨ ਜਿਨ੍ਹਾਂ ਦੇ ਹਰੀਕੇਨ ਆਇਡਾ ਦੇ ਅਵਸ਼ੇਸ਼ਾਂ ਕਾਰਨ ਘਰਾਂ ਦੇ ਤਬਾਹ ਹੋਣ ਦੀ ਪੁਸ਼ਟੀ ਕੀਤੀ ਗਈ ਸੀ ਜਾਂ ਆਏ ਹੜ੍ਹਾਂ ਕਾਰਨ ਵੱਡਾ ਨੁਕਸਾਨ ਹੋਇਆ ਸੀ। ਵਾਧੂ ਰਿਕਵਰੀ ਸੇਵਾਵਾਂ, ਜਿਵੇਂ ਕਿ ਰੈਫਰਲ, ਕਲੀਨ-ਅਪ ਕਿੱਟਸ, ਅਤੇ ਭਾਵਨਾਤਮਕ ਸਹਾਇਤਾ ਉਪਲਬਧ ਹੋ ਸਕਦੀਆਂ ਹਨ। ਕਾੱਲ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁਛਿਆ ਜਾਏਗਾ। 1-877-733-2767 'ਤੇ ਕਾੱਲ ਕਰੋ।

**ਪ੍ਰਵਾਸੀਆਂ ਅਤੇ ਬਿਨਾਂ-ਦਸਤਾਵੇਜ਼ਾਂ ਵਾਲੇ ਨਿਊ ਯਾਰਕ ਨਿਵਾਸੀਆਂ ਲਈ ਸੋਮੇ**

ਜੇ ਤੁਹਾਡੇ ਕੋਲ ਇਮੀਗ੍ਰੇਸ਼ਨ ਜਾਂ ਸਿਟੀ ਸੇਵਾਵਾਂ ਤਕ ਪਹੁੰਚਣ ਬਾਰੇ ਕੋਈ ਸਵਾਲ ਹਨ, ਤਾਂ ਤੁਹਾਡੀ ਭਾਸ਼ਾ ਵਿੱਚ ਸਹਾਇਤਾ ਉਪਲਬਧ ਹੈ। ਪ੍ਰਵਾਸੀ ਮਾਮਲਿਆਂ ਦੇ ਮੇਅਰ (Mayor's Office of Immigrant Affairs, MOIA) ਦੇ ਦਫਤਰ ਦੀ ਹੌਟਲਾਈਨ 212-788-7654 'ਤੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇਂ ਤੋਂ ਸ਼ਾਮੀ 5 ਵਜੇ ਤਕ ਫੋਨ ਕਰੋ, NYC.gov/immigrants 'ਤੇ ਜਾਂ askmoia@cityhall.nyc.gov 'ਤੇ ਜਾਓ।

**ਛੋਟੇ ਕਾਰੋਬਾਰਾਂ ਦਾ ਪ੍ਰਸ਼ਾਸਕ (Small Business Administration, SBA) ਲੋਨ (ਕਰਜ਼ੇ)**

ਮਕਾਨ ਮਾਲਕਾਂ/ਛੋਟੇ ਕਾਰੋਬਾਰਾਂ ਲਈ ਘੱਟ ਵਿਆਜ ਵਾਲੇ ਕਰਜ਼ੇ ਉਪਲਬਧ ਹਨ। ਨਿਊ ਯਾਰਕ ਨਿਵਾਸੀ ਘਰ ਦੀ ਮੁਰੰਮਤ ਲਈ $200,000 ਤੱਕ, ਨਿੱਜੀ ਜਾਇਦਾਦ ਨੂੰ ਬਦਲਣ ਲਈ $40,000 ਤੱਕ ਜਾਂ ਛੋਟੇ ਕਾਰੋਬਾਰਾਂ ਨੂੰ ਮਸ਼ੀਨਰੀ, ਫਰਨੀਚਰ ਆਦਿ ਨੂੰ ਦੁਬਾਰਾ ਤਿਆਰ ਕਰਨ ਲਈ $2 ਮਿਲੀਅਨ ਤੱਕ ਪ੍ਰਾਪਤ ਕਰ ਸਕਦੇ ਹਨ। ਤਾਂ ਉਪਲਬਧ ਹੈ ਜੇ ਘਰ ਵਿੱਚ ਕੋਈ ਵਿਅਕਤੀ ਨਾਗਰਿਕ, ਗੈਰ-ਨਾਗਰਿਕ ਰਾਸ਼ਟਰੀ, ਜਾਂ ਯੋਗ ਵਿਦੇਸ਼ੀ ਹੈ।

**ਵਪਾਰਕ ਸਹਾਇਤਾ**

ਛੋਟੇ ਕਾਰੋਬਾਰ ਸੇਵਾਵਾਂ ਦਾ NYC ਵਿਭਾਗ (NYC Department of Small Business Services, SBS) ਕਾਰੋਬਾਰਾਂ ਦੇ ਮਾਲਕਾਂ ਦੀ ਸਹਾਇਤਾ ਕਰਦਾ ਹੈ। ਵਧੇਰੀ ਜਾਣਕਾਰੀ ਲਈ NYC.gov/sbs 'ਤੇ ਜਾਓ ਜਾਂ 888-SBS-4NYC (888-727-4692) 'ਤੇ ਕਾੱਲ ਕਰੋ। ਕਾੱਲ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁਛਿਆ ਜਾਏਗਾ।

**ਨਿੱਜੀ ਹੜ੍ਹ ਬੀਮਾ**

ਜੇ ਤੁਸੀਂ ਆਪਣਾ ਘਰ ਕਿਰਾਏ ਤੇ ਲੈਂਦੇ ਹੋ, ਤਾਂ ਕਿਰਾਏਦਾਰ ਦਾ ਬੀਮਾ ਤੁਹਾਡੇ ਅਪਾਰਟਮੈਂਟ ਦੇ ਅੰਦਰ ਰੱਖੀਆਂ ਹੋਈਆਂ ਚੀਜ਼ਾਂ ਦਾ ਬੀਮਾ ਕਰ ਸਕਦਾ ਹੈ। ਜੇ ਤੁਸੀਂ ਘਰ ਦੇ ਮਾਲਕ ਹੋ, ਤਾਂ ਯਕੀਨੀ ਬਣਾਉ ਕਿ ਤੁਹਾਡੇ ਘਰ ਦਾ ਸਹੀ ਬੀਮਾ ਕੀਤਾ ਗਿਆ ਹੈ - ਹੜ੍ਹ ਅਤੇ ਹਵਾ ਨਾਲ ਨੁਕਸਾਨ ਮੂਲ ਨੀਤੀ ਵਿੱਚ ਸ਼ਾਮਲ ਨਹੀਂ ਹੁੰਦੇ ਹਨ। ਨਿੱਜੀ ਹੜ੍ਹ ਬੀਮਾ ਲਏ ਨਿਊ ਯਾਰਕ ਨਿਵਾਸੀਆਂ ਨੂੰ ਸਹਾਇਤਾ ਲਈ ਆਪਣੇ ਬੀਮਾ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ।

**ਸਾਫ਼-ਸਫਾਈ ਅਤੇ ਮੋਲਡ (ਉੱਲੀ) ਦੇ ਵਿਕਾਸ ਦੀ ਰੋਕਥਾਮ**

ਉੱਲੀ ਦੇ ਵਾਧੇ ਨੂੰ ਰੋਕਣ ਬਾਰੇ ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ (Department of Health, DOH) ਦੀ ਵੈੱਬਸਾਈਟ (NYC.gov/health) 'ਤੇ ਜਾਓ।

ਵਾਧੂ ਜਾਣਕਾਰੀ ਅਤੇ ਹੜ੍ਹ ਤੋਂ ਬਾਅਦ ਦੇ ਸੋਮਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ **NYC.gov/ida** 'ਤੇ ਜਾਓ ਜਾਂ ਵੀਡੀਓ ਰਿਲੇ ਸੇਵਾ ਲਈ **311** (212-639-9675 'ਤੇ, ਜਾਂ TTY ਲਈ: 212-504-4115) 'ਤੇ ਕਾੱਲ ਕਰੋ।